# ਇੱਕ ਛਿਟ ਦੀ ਵਾਰਤਾ



ਸੁਮੀਤ

# ਇੱਕ ਛਿਣ ਦੀ ਵਾਰਤਾ

# ਇੱਕ ਛਿਣ ਦੀ ਵਾਰਤਾ

(ਨਜ਼ਮਾਂ)

ਸ਼ਮੀਲ

ਲੋਕਗੀਤ ਪ੍ਰਕਾਸ਼ਨ

ਸਰਹਿੰਦ

IK CHHINN DI WARTA (A Collection of Punjabi Poems)
by Shammeel
(B. December 8, 1970)

@ ਸ਼ਮੀਲ

ਸਰਨਾਮਾਂ :

ਸ਼ਮੀਲ

ਪਿੰਡ : ਠੌਣਾ

ਡਾ: ਮੀਆਂ ਪੁਰ (ਰੋਪੜ)

ਸਰਵਰਕ : ਸੁਖਵੰਤ

ਪ੍ਰਕਾਸ਼ਕ :

ਹਰੀਸ਼ ਜੈਨ

ਲੋਕਗੀਤ ਪ੍ਰਕਾਸ਼ਨ

ਸਰਹਿੰਦ

ਸਧਾਰਨ ਐਡੀਸ਼ਨ : 20/

ਲਾਇਬਰੇਰੀ ਅਡੀਸ਼ਨ : 50/

ਾਪਕ : ਕੌਮੀ ਉਡਾਰੀਆਂ ਪ੍ਰਿੰਟਿੰਗ ਪ੍ਰੈੱਸ, ਸ਼ਹੀਦ ਸ਼ਬੂੰਕ ਮਾਰਕੀਟ,
ਮਿਠਾਪੁਰ ਰੋਡ, ਜਲੰਧਰ ਸ਼ਹਿਰ ।

canned withCamScanner

"ਲਮਹਾ ਲਮਹਾ" ਵਾਲੀ ਦੀਪਤੀ ਨਵਲ ਨੂੰ

—ਸ਼ਮੀਲ

4 ਨਵੰਬਰ, 1990

## ਖ਼ੁਦ ਨੂੰ ਮੁਖ਼ਾਤਬ

ਆਪਣੀ ਤੁਲਨਾ ਆਪਣੇ ਵਰਗਿਆਂ ਨਾਲ ਕਰਨ ਦਾ ਕੀ ਫਾਇਦਾ
ਆਪਣੇ ਤੋਂ ਮਾੜਿਆ 'ਚ ਤਸੱਲੀ ਲੱਭਣ ਦਾ ਕੀ ਫਾਇਦਾ।
ਟੱਕਰ ਲੈ ਖੁਦਾਵਾਂ ਨਾਲ ਯਾਕੋਵ ਵਾਂਗ
ਈਰਖਾ ਕਰ ਸਾਫੋਂ ਤੋਂ।
ਤੁਲਨਾ ਕਰ ਆਪਣੀ ਕਿਸੇ 'ਜੀਨੀਅਸ' ਨਾਲ
ਇੰਜ ਕਿ ਸੂਰਜ ਵੀ ਮੱਧਮ ਦਿੱਸੇ ਤੇਰੇ ਅੱਗੇ।
ਲਗਾਤਾਰ ਲਿਖ ਵਸੋਂ ਬਾਹਰ ਹੋ ਕੇ
ਲਿਖ ਗਰਭ ਪੀੜ ਵਾਂਗ ਚਿੰਤਨ ਹੋ ਕੇ
ਲਿਖ ਜਿਵੇਂ ਕਿ ਸੁਬ੍ਹਾ ਤੈਨੂੰ ਫਾਂਸੀ ਲੱਗ ਜਾਣੀ ਹੋਵੇ।
ਇੰਜ ਲਿਖ ਕਿ ਨਹੁੰਆਂ 'ਚੋ ਤੇਰੇ
ਲਹੂ ਨੁੱਚੜਦਾ ਨਜ਼ਰ ਆਏ
ਇੰਜ ਲਿਖ ਕਿ ਪੰਨੇ ਤਪਣ
ਤੇਰੇ ਅਹਿਸਾਸ ਦੀ ਅਗਨ 'ਚ।

—ਸਤਾਕਾ ਪੈਂਚੇਵਾ (ਬਲਗਾਰੀਆ)

## ਪੁੰਗਰਨ ਦੀ ਅਵਾਜ਼

ਜੰਮਣ ਵੇਲੇ ਮੈਨੂੰ
ਯਾਦ ਸੀ ਵਕਤ ਨੂੰ ਮੇਰੀ ਮਜਲ ਦਾ ਦਿਨ
'ਠਾਲ ਸਕਦੀ ਏ ਮੌਤ ਦੀ ਹੀ ਨਜ਼ਰ
ਜੰਮਣ ਪਲਾਂ ਦੇ ਹਰਫ਼ ।

ਅੰਬ ਵਾਂਗ ਪਾਲੀ ਸੀ
ਮੌਰਾਂ ਜਿਹੀ ਜਿੰਦ
ਮੇਰੀ ਨਿੰਮ ਵਰਗੀ ਮਾਂ ਨੇ
ਪਰ ਕਦੇ ਨਾਂ ਬਣੀ
ਵਕਤ ਤੇ ਮਾਂ ਦੀ
ਮਾਂ ਤੱਕਦੀ ਏ ਸਿਰਫ
ਬਾਰ ਮੂਹਰੇ ਟੰਗਿਆ ਬਾਂਦਰਵਾਲ
'ਤੇ ਵਕਤ ਦੀ ਯਾਦ 'ਚ
ਸਿਵਿਆਂ ਦੀ ਸ਼ਾਨ ਹੁੰਦੀ ਏ

ਮਾਂ ਸਮਝਦੀ ਏ ਤਾਰੀਖ ਨੂੰ ਕੁੱਤੀ
ਜੀਹਦੇ ਮਾਰਦੀ ਏ ਭੂਖਨਾ
ਅੰਦਰ ਵੜਨ 'ਤੇ
ਪਰ ਖੁਦ ਨੀ ਜਾਣਦੀ ਬੇਬੇ
ਕਿ ਉਹ ਸੱਪਣੀ ਵਾਂਗ ਕੱਢਦੀ ਏ
ਘਰਾਂ ਦੀਆਂ ਕਾਰਾਂ
ਆਂਡਿਆਂ ਦੁਆਲੇ
'ਤੇ ਰੁੜ੍ਹ ਹੀ ਜਾਂਦੈ ਕਾਰ ਤੋਂ ਬਾਹਰ
ਤਾਰੀਖ ਦਾ ਆਂਡਾ।

ਤ੍ਰਿਪਤਾ ਕਿਉਂ ਨੀਂ ਚਾਹੁੰਦੀ ਨਾਨਕ ਜੰਮਣਾ,
ਦੱਸ ਤਾਂ ਸਈ ਸਮੇਂ ਦੀ ਵਾਏ !

ਜਮ੍ਹਾਂ ਮਾਵਾਂ ਵਰਗੀ ਏ ਮਾਂ ਮੇਰੀ
ਕਵਿਤਾ ਲਿਖਦੇ ਨੂੰ ਹਾਕ ਮਾਰਦੀ ਏ
'ਤੇ ਇਤਿਹਾਸਕ ਛਿਣਾਂ ਤੋਂ ਚਰ੍ਹੀ ਵਢਾਉਂਦੀ ਏ
ਪਰ ਕਿੰਨਾਂ ਖਤਰਨਾਕ ਹੁੰਦੈ
ਇਤਿਹਾਸ ਮੂਹਰੇ ਆਉਣਾ
ਇਹ ਕਿਵੇਂ ਸਮਝਾ ਦਿਆਂ ਉਹਨੂੰ !

ਜੰਮਿਆ ਸਾਂ ਜਦ ਮੈਂ
ਉਡਾਰ ਦੀ ਤਾਸੀਰ ਵਾਲੀ ਨਜ਼ਰ ਲੈ

ਭੂਸਰਿਆ ਫਿਰਦਾ ਸੀ ਗਲੀਆਂ 'ਚ
ਵਕਤ ਦਾ ਸਾਨ੍ਹ
'ਤੇ ਮੰਗਿਆ ਕਰਦੀ ਸੀ ਮਾਂ
ਮੇਰੀ ਉਮਰ ਦੀ ਸੁੱਖ
ਜੋਤ ਵਾਲੇ ਆਲੇ ਤੋਂ ।
ਉਹ ਸਾਂਭਦੀ ਸੀ ਘਰ ਨੂੰ
ਟੁੱਟਦੇ ਨੱਕੇ ਵਾਂਗ
ਜਿਸ ਤੇ ਲੰਘ ਗਈ ਨਜ਼ਰ ਮੇਰੀ
ਪੈਰ ਮਾਰਕੇ,
ਜਿਸ ਨਜ਼ਰ 'ਚ ਤੈਰਦੈ
ਕੱਤਕ ਦੀ ਸਵੇਰ ਵਰਗਾ ਸੁਪਨਾ
'ਤੇ ਬੰਦੇ ਦੀ ਟਾਹਣੀ ਤੇ
ਨੌਰਸ ਦੀ ਅੰਗੜਾਈ ।

ਬਹੁਤ ਕੁੱਝ ਬੀਤਦੈ
ਸਾਡੇ ਬੰਨੇ ਦੇ ਅੰਦਰ
'ਤੇ ਬੰਨੇ ਦੇ ਬਾਹਰ
ਕਵਿਤਾ ਲਿਖਦੇ ਮੁੰਡੇ ਦੇ
ਪੁਲਸ 'ਚ ਭਰਤੀ ਹੋਣ ਵਰਗੇ ਹਾਦਸੇ
ਧੰਦਿਆਂ ਦੇ ਕੁੱਬੇ ਕੀਤੇ ਬੰਦਿਆਂ ਦੇ ਕੁੱਬ
ਜਿਨ੍ਹਾਂ ਦੇ ਉੱਪਰ ਵਗਦੀ ਏ

ਰੇਤਲੇ ਹਨ੍ਹੇਰੇ ਦੀ ਪੌਣ
ਤੜਫਦੀ ਏ ਜਿਸ 'ਚ
ਦੀਵੇ ਦੀ ਮੱਛੀ ।
ਇਹ ਲੜ ਗਿਆ ਸਭ ਕੁੱਝ
ਖੜੱਪੇ ਵਾਂਗ
ਮੇਰੇ ਜਾਮਣੂੰ ਚੈਨ ਦੇ
'ਤੇ ਬਚਾ ਲਿਆ ਫਿਰ ਮੈਂ
ਘਰ ਦੇ ਦਿਨਾਂ 'ਚ ਰੁੱਗ ਵਾਂਗ ਚੜ੍ਹਦਾ
ਬਲੂੰਗੜਾ ਬੰਦਾ ।

ਪਰ ਬਹੁਤ ਤੰਗ ਏ ਬੀਬੀ
ਛਲੇਡੇ ਵਕਤ ਦੀਆਂ ਲੁਕਮਚਾਈਆਂ ਤੋਂ
ਰੋਜ਼ ਅਰੂਗਦੀ ਏ ਪੁਰਾਣਾ-ਪੁਰਾਣਾ ਸੂਰਜ
ਜਿਸ ਨਾਲ ਮਿਣਦੀ ਹੈ ਨਿੱਤ ਦਾ ਦਿਨ
'ਤੇ ਬਾਸ਼ੇ-ਬਾਸੇ ਦਿਨਾਂ ਨੂੰ ਗਾਲ੍ਹ ਕੱਢਣੋਂ
ਬਹੁਤ ਵਰਜਦੀ ਏ ਮੈਨੂੰ ।
ਬਾਸੀ ਕਿਉਂ ਨੀ ਹੁੰਦੀ ਇਹ ਪੂਜਾ
ਨਿਕਰਮੀਏ ਤਾਰੀਖੇ !
ਉਕਤਾਹਟ ਦੇਹ ਕੁੱਝ
ਰੱਬ ਦੇ ਬੰਦੇ ਨੂੰ ।
ਮੇਰਾ ਤਾਂ ਜੀ ਕਰਦੈ

ਕਿ ਉਬਾਲ ਦਮਾਂ ਸਮੇਂ ਦੀ ਬੱਤ
'ਤੇ ਲਾਹ ਦਮਾਂ ਮੈਲ ਵਾਂਗ
ਸਾਰੀ ਦੀ ਸਾਰੀ ਸਿਆਹੀ ।
ਕੁੱਝ ਹੋਰ ਉਕਤਾਹਟ ਬਖਸ਼, ਵਕਤਾ !
ਕੁੱਝ ਹੋਰ ਬਖਸ਼ !

ਤਾਰੀਖ ਦੀ ਪੌਣ
ਪੜੌਸ ਦੀ ਦੇਹਲੀ ਤੇ ਵੇਖ
ਗਜ-ਗਜ ਦੀਆਂ ਸਿਫਤਾਂ ਛੱਡਦੀ ਏ ਬੀਬੀ
ਪਰ ਖਬਰੇ ਕਿਉਂ ਲਾਉਂਦੀ ਏ ਕੁੰਡਾ
ਆਪਣੀ ਵਾਰੀ
ਕਿਉਂ ਲੋਚਦੀ ਏ ਤ੍ਰਿਪਤਾ
'ਉਦਾਸੀਆਂ' ਨੂੰ ਖੀਸੇ 'ਚ ਪਾਉਣਾ !
ਬਹੁਤ ਮੰਗਦੀ ਏ ਚਾਵਾਂ ਦੇ ਗਜਰੇ
ਉਹਦੇ ਮਨ ਦੀ ਗੁੱਡੀ
ਬੜੀ ਹੀ ਮਘਦੀ ਏ
ਕਿ ਤਾਰੀਖ ਕਿਉਂ ਆਉਂਦੀ ਏ ਸਾਡੇ ਘਰ
ਕਿ ਪਟਾ ਲੈਂਦੀਆਂ ਖੂੰਡੇ
ਭੁੱਖਣ ਭਾਣੀਆਂ ਮੈਂਸਾਂ
ਕਿ ਮੁੜ ਜਾਂਦੇ ਨੇ ਨਾਤੇ ਵਾਲੇ,
ਪਰ ਕਿਸੇ ਪਲਾ ਦਿਆਂ ਘੋਲ ਕੇ

Scanned with CamScanner

ਕਿ ਨਾਂ ਲੜਿਆ ਕਰ ਇਨ੍ਹਾਂ ਘੜੀਆਂ ਨਾਲ ਬੇਬੇ

ਨਾਂ ਲੜਿਆ ਕਰ

ਬੁੱਝ ਤਾਂ ਸਈ ਮੇਰੀ ਨਜ਼ਰ ਦੀ ਤਾਸੀਰ

ਪਰ ਕੁਝ ਨੀਂ ਜਾਣਦੀ

'ਛਟੀਆਂ' 'ਵਾਰਨਿਆਂ' ਤੋਂ ਬਿਨਾਂ

ਕਾਠੇ ਅੰਦਰੋੜ ਵਰਗੀ ਬੇਬੇ।

ਕਿੱਥੇ ਸੁੱਕਦੇ ਨੇ ਫਿਰ ਵੀ

ਮੋਹ ਦੇ ਪਾਣੀ

ਦਿਲ ਦੇ ਖੂਹ 'ਚੋਂ

ਅਜੇ ਵੀ ਸੋਚਦਾਂ ਕਿ ਉੱਘੜ ਸਕਣ

ਮੇਰੀ ਮਾਂ ਦੇ ਚਾਵਾਂ ਵਾਲੇ

ਜੰਮਣ ਪਲ

ਮੇਰੀ ਮਜਲ ਤੇ ਔਣਾ ਤਾਰੀਖ !

ਮੇਰੀ ਮਜਲ ਤੇ ਔਣਾ !

□



Scanned with CamScanner

# ਉਮਰ ਦੀ ਵਿਥਿਆ

ਸ਼ਾਇਦ ਇਹ ਉਨ੍ਹਾਂ ਦਾ ਜੱਦੀ ਭੁਸ ਹੈ
ਘਰੋੜੇ ਮੰਜੇ 'ਤੇ ਬਹਿਣਾ
'ਤੇ ਸਰ੍ਹਾਣੇ ਰੱਖੇ ਖੂੰਡੇ ਬਿਨਾ
ਨੀਂਦ ਨਾਂ ਆਉਣਾ
ਉੱਝ 'ਤੇ ਬੜੀ ਹੈ
ਉਹਦੇ ਪੈਰਾਂ 'ਚ ਮੜਕ 'ਤੇ ਘੰਡ 'ਚ ਗੜ੍ਹਕ
ਪਰ ਸੁਲਝਾਉਂਦਾ ਰਹਿੰਦੈ ਅੱਜਕੱਲ੍ਹ
ਫਿਕਰਾਂ ਦੀ ਅੱਟੀ
ਗੁਲਝ ਦਾ ਸਿਰਾ ਲੱਭਣ ਲਈ,
ਬੜਾ ਹੀ ਅਹਿਸਾਸ ਹੈ ਉਹਦੇ ਮੌਰਾਂ ਨੂੰ
ਮਾੜੀ ਔਲਾਦ ਦੇ ਪਿਓ ਜਿਹੇ ਜਿੰਮੇ ਦਾ
'ਤੇ ਆਪਣੀ ਹੀ ਤਾਸੀਰ ਦਾ
ਸਹਾਰਾ ਵੀ ਹੈ ਉਹਨੂੰ

ਧੀ ਦੇ ਮਾੜੇ ਦਿਨ ਕਟਾਉਂਦੀ
ਮਾਂ ਜਿਹਾ
ਉਹ ਪੱਗ ਨੂੰ ਮਾਵਾ ਲਾਉਂਦੈ ਅਜੇ ਵੀ
ਬਖਤੌਰੇ ਫੌਜੀ ਵਾਂਗ

ਬੜੀਆਂ ਬਾਤਾਂ ਨੇ ਉਹਦੇ ਕੋਲ
ਦਸੌਂਟਿਆਂ ਭਰੀ ਉਮਰ ਦੀਆਂ,
ਜਦੋਂ ਵੀ ਛੇੜੀਦੈ
ਉਹ ਹੱਥੋਂ ਗਿਰੇ ਪਿੰਨੇ ਵਾਂਗ
ਉਧੜਦਾ ਜਾਂਦੈ,
ਸ਼ੁਰੂ ਕਰਦਾ ਹੈ ਹਰ ਗੱਲ 'ਹੱਲਿਆਂ' ਤੋਂ
'ਤੇ ਵਕਤ ਨੂੰ 'ਵਖਤ' ਆਖਦੈ ਅਕਸਰ।
ਚਰਖੇ ਦੀ ਤੰਦ ਵਾਂਗ
ਲੰਬਾ ਜਿਹਾ ਸਾਹ ਲੈ ਸੁਣਾਉਂਦੈ
ਕਿਹੜੇ ਜੁਗੜਿਆਂ ਦੀ ਗੱਲ
ਜਦ ਤਿੜਕਾ ਦਿੱਤਾ ਸੀ
ਇੱਕੋ ਬੜ੍ਹਕ ਨਾਲ ਉਹਨੇ
ਸਿਕੰਦਰੀ ਪੌਣਾਂ ਜਿਹੇ ਇੱਕ ਹੋਣੀ ਵਾਰ ਨੂੰ
'ਤੇ ਫਿੱਕੇ-ਫਿੱਕੇ ਯਾਦ ਨੇ
ਉਹ ਚੰਦਰੇ ਦਿਨ
ਜਦ ਉਹ ਹੁੰਦਾ ਸੀ ਹੀਣਾ

ਦੌੜ ਹੁੰਦੇ ਖੇਤਾਂ ਮੂਹਰੇ,
ਲਿਸ਼ਕ ਉੱਠਦੀ ਹੈ ਹੁਣ ਵੀ ਲਾਲੀ
ਉਹਦੇ ਗੇਰੂ ਜਿਹੇ ਚਿਹਰੇ 'ਤੇ
ਜਦ ਉਹ ਯਾਦ ਕਰਦੈ
ਅੱਭੜਵਾਹੇ ਜਾਗਣ ਦੀ ਉਹ ਘੜੀ
ਜਦ ਅੱਖਾਂ 'ਚ ਨਿੱਗਰ ਅੰਦਰ ਦੀ ਚਮਕ ਸੀ।
ਬਾਜਰੇ ਦੀ ਰੋਟੀ 'ਚੋਂ ਸਿੰਮਦੇ
ਦੁੱਧ ਵਾਲੀ ਮੂਰਤ ਵੱਲ ਵੇਖ
ਫਿਰ ਸੁਣਾਉਣੀ ਸ਼ੁਰੂ ਕਰਦੈ
ਚੜ੍ਹਦੀਆਂ ਦੇ ਦਿਨਾਂ ਦੀ ਇੱਕ ਕਹਾਣੀ
ਜਦ ਪਹਿਲੀ ਵਾਰ ਮੋੜੀ ਸੀ ਖੇਤੋਂ ਉਹਨੇ
ਸਰਦਾਰ ਦੀ ਘੋੜੀ
ਸੁਣਿਐ ਕਿ ਚੜ੍ਹਿਆ ਸੀ ਉੱਦਣ
ਬੋਦੀ ਵਾਲਾ ਤਾਰਾ
ਪਰ ਉਹਨੇ ਤਾਂ
ਸਿਰਫ ਅੰਬਰੀਂ ਚੜ੍ਹੀ ਗਹਿਰ ਵੇਖੀ ਸੀ
ਦੁਧੌੜੀ ਦੇ ਦੁੱਧ ਵਾਂਗ ਉਦੋਂ
ਸਾਂਭ-ਸਾਂਭ ਰੱਖਦਾ ਸੀ ਪੁਤ ਨੂੰ
ਖਚਰੇ ਵਕਤ ਦੀਆਂ
ਬਿੱਲੀਆਂ ਤੋਂ

'ਤੇ ਉਲਾਲ ਗੱਡੇ ਵਾਂਗ
ਉਛਲਿਆ ਕਰਦਾ ਸੀ ਉਹਦਾ ਦਿਲ
ਕੁਆਰੀ ਮਿੱਟੀ 'ਤੇ
ਲੰਡਰ ਖੁਰਾਂ ਦੇ ਦਾਗ ਵੇਖ
ਬੜੀ ਮੱਲੀ ਸੀ ਸੋਝੀ ਦੀ ਫਸਲ
ਉਹਦੇ ਮੱਥੇ 'ਚ ਉਦੋਂ
ਕਬੀਲਦਾਰੀ 'ਚ ਘਿਰੇ ਮੁੰਡੇ ਵਾਂਗ
ਬੜਾ ਹੀ ਚੱਜ ਉਤਰਿਆ ਸੀ ਉਸਨੂੰ
ਗਾਤਰੇ ਪਾਈ ਕਿਰਪਾਨ ਨੂੰ
ਸੁਆਰਦਾ ਹੋਇਆ
ਬੈਹਣੀ ਵਾਂਗ
ਸੁਰਖ ਹੋਈਆਂ ਅੱਖਾਂ ਨਾਲ ਸੁਣਾਉਂਦੇ
ਬਾਂਢਿਓ ਆਈਆਂ ਆਵ੍ਰਤਾਂ ਨਾਲ
ਛਵੀਆਂ ਵਾਹੁਣ ਦੀ ਕਥਾ।
ਜਦ ਉਹ ਦੱਸਦੇ
ਪੁੱਤਾਂ ਦੀ ਜਮੀਨ ਲਈ ਲੜਨ ਦੀ ਗੱਲ
ਤਾਂ ਪਸਰ ਜਾਂਦੇ
ਉਹਦੇ ਚਿਹਰੇ 'ਤੇ ਮਾਣ।
ਫਿਰ ਲਸਕਦੀ ਹੈ
ਉਹਦੇ ਮੱਥੇ 'ਚ ਇਕ ਯਾਦ

ਜਦ ਕੱਢਦਾ ਰਿਹਾ ਸੀ ਕਿੰਨੀ ਹੀ ਦੇਰ
ਲੜਾਈ ਦੇ ਜਾਲੇ 'ਚੋਂ ਵਕਤ ਨੂੰ ।
'ਤੇ ਖੁਰਦਰੇ ਹੱਥਾਂ ਵੱਲ ਵੇਖ
ਸਿਰਫ ਮਖੌਲ ਦੀ ਬੋਲੀ 'ਚ ਹੀ
ਝੋਰਾ ਕਰਦੈ
ਹੱਥਾਂ ਦੇ ਪੰਨਿਆਂ ਜੋਗੇ ਨਾਂ ਰਹਿਣ 'ਤੇ
ਉਂ ਭੇੜਾਂ 'ਚ ਔਂਟਲੀਆਂ ਪੋਥੀਆਂ
ਸ਼ਾਇਦ ਯਾਦ ਨੀ ਉਸਨੂੰ ।
ਫਿਰ ਘਿਰ ਜਾਂਦੈ
'ਗੁਰਦਾਸ ਨੰਗਲ' ਦੀ ਗੜ੍ਹੀ ਵਾਂਗ
ਚੇਤਿਆਂ ਖਿਆਲਾਂ 'ਚ,
ਚੇਤੇ ਦੇ ਕਿਸੇ ਚੁੱਲ੍ਹੇ 'ਚ ਬਲੀ
ਅੱਗ ਦੇ ਪਰਛਾਵੇਂ ਨਾਲ
ਸੁਰਖ ਹੋ ਜਾਂਦੈ ਉਹਦਾ ਚਿਹਰਾ
'ਤੇ ਕਿੰਨੀ ਹੀ ਦੇਰ
ਸੁਰਖ ਰਹਿੰਦੈ ।

ਯਾਦਾਂ ਦੀਆਂ ਝੱਲਾਂ 'ਚੋਂ ਨਿਕਲ
ਮੁੜ ਸ਼ੁਰੂ ਕਰਦੈ
ਇਤਿਹਾਸ ਵਾਂਗ ਦਿਲਚਸਪ ਆਪਣੀ ਵਿਥਿਆ,
ਫਿਰ ਥਿੜ੍ਹਕਣ ਲੱਗਦੇ ਨੇ ਉਹਦੇ ਬੋਲ

ਬੂੜ੍ਹੇ ਦੀ ਤੋਰ ਵਾਂਗ,
ਝੱਕਰੀ ਮਿਲਣ ਤੋਂ ਵਿਗੜੀ
ਨੰਗਾਂ ਦੀ ਚਾਲ ਵਾਂਗ
ਬੜੇ ਵਿਗੜੇ ਸੀ ਉਹਦੇ ਮੁੰਡੇ ਉਦੋਂ
'ਤੇ ਕੰਗਰੋੜ ਸਿੱਧੀ ਕਰਕੇ ਸੁਣਾਉਂਦੇ
ਵੱਡੇ ਮੁੰਡਿਆਂ ਨੂੰ
ਜਗੀਰ ਲੱਗਣ ਦੀ ਗੱਲ
ਪਰ ਇਸ ਦੌਰਾਨ ਉਹਦਾ ਸਰੂਪ
ਕੰਬਦਾ ਖਵ੍ਹਰੇ ਕਿਉਂ ਹੈ !
ਸ਼ਰਾਬੀ ਖਸਮ ਦੇ
ਮੰਜੇ 'ਤੇ ਟੁੱਟੀ ਗਾਨੀ ਵਾਂਗ
ਕਿਰ ਗਏ ਸੀ ਉਦੋਂ
ਉਹਦੇ ਕੌੜਮੇ ਦੇ ਚੱਜ
'ਤੇ ਫਿਰ ਜੀਰੀ ਦੇ ਗਾਹਣ 'ਚ ਗੁਡਦੇ
ਪੈਰਾਂ ਵਾਂਗ
ਦਬਣ ਲੱਗਦੈ ਉਹਦਾ ਸਿਰ
'ਤੇ ਇੱਕ ਲਖਤ ਢੌਂਕਾ ਟੁੱਟਣ 'ਤੇ
ਥੁੱਕਣ ਵਾਂਗ
ਸ਼ਬਦ 'ਨੋ' ਫੁੜਕਦੈ
ਖਵਨੀ ਚੇਤੇ ਦੇ, ਕਿਸ ਕੁੱਪ 'ਚੋਂ ਨਿਕਲਿਆ ਸੀ

ਬੋਲੀ ਦੀ ਗੁੱਤ ਲਬੇੜ,
'ਤੇ ਊਂਘ 'ਚੋਂ ਜਾਗਦਾ ਹੋਇਆ
ਸੁਆਰਦਾ ਹੈ ਢਹੀ ਪੱਗ
ਸੁਰਤੇ ਗਿਆਨੀ ਨਾਲ
ਜੈਤੋ ਦੇ ਮੋਰਚੇ ਜਾਣ ਤੋਂ
ਗਾਹਾਂ ਦੀ ਗੱਲ
ਸ਼ੁਰੂ ਕਰਦੈ ।
ਨਿਆਈਂ 'ਚ ਸੁਣੀ ਸੀ
ਪਹਿਲੀ ਵਾਰ
ਗੱਡੀ ਦੀ ਕੂਕ ਉਸਨੇ
ਜਦ ਆਪਣੀ ਰੁਲਦੋ ਨੂੰ ਛੱਡ
ਕਾਲੇ ਪਾਣੀਆਂ ਜਿਹੀ ਜ਼ਿੰਦਗੀ 'ਚ
ਪਤਾ ਨੀਂ ਕਿਹੜੀ
ਲਾਮ 'ਤੇ ਗਿਆ ਸੀ ।
ਉਸ ਤੋਂ ਬਾਅਦ ਤਾਂ ਉਹਨੂੰ
ਸਿਰਫ 'ਹੱਲੇ' ਹੀ ਯਾਦ ਨੇ,
ਉਸ ਰਾਤ ਦੇ ਖਿੰਡੇ
ਸੁਪਨਿਆਂ ਦੇ ਮਣਕੇ
ਉਸ ਤੋਂ ਮੁੜ ਨਾਂ ਚੁਗੇ ਗਏ
'ਤੇ ਫਿਰ ਬੈਠ ਜਾਂਦੇ ਬਾਬਾ
ਮੰਜੇ ਦੇ ਇਕ ਪਾਸੇ

ਲੱਤਾਂ 'ਕੱਠੀਆਂ ਕਰਕੇ,
ਬੜਾ ਹੀ ਦਰੇਗ ਕਰਦੈ
ਉਸ ਪੁੱਤ ਦਾ
ਜੋ ਗਈ ਰਾਤ ਤੱਕ
ਖਵਰੇ ਕੀ ਲਿਖਦਾ ਰਹਿੰਦਾ ਸੀ
ਲਾਲ ਬੱਤੀ ਬਾਲ
'ਤੇ ਝੱਲਾ ਹੋਣ ਤੋਂ ਬਾਅਦ
ਮੁੜ ਘਰ ਨੀਂ ਪਰਤਿਆ।
ਹੁਣ ਤਾਂ ਉਹ,
ਘੜੀ-ਮੁੜੀ ਸੁਣਾਉਂਦੈ
ਕਿ ਕਿਵੇਂ ਹੋਇਆ ਸੀ
ਸਰਪੰਚ ਤੋਂ ਮਨ ਖੱਟਾ,
ਨਿਭੀ ਤਾਂ ਸਿਰਾਂ ਨਾਲ ਨਿਭਦੀ ਰਹੀ
ਟੁੱਟੀ ਤਾਂ ਖਾਲਾ ਵੱਟਾਂ ਤੋਂ ਟੁੱਟ-ਗੀ।
ਧੁੰਧਲਾ ਜਿਹਾ ਹੀ ਯਾਦ ਹੈ
ਉਹਨੂੰ ਉਹ ਦਿਨ
ਜਦ ਠਾਣਿਓਂ ਮੁੜੇ
ਹਾਰੇ ਹੁੱਟੇ ਬਾਪੂ ਵਾਂਗੂ
ਉੱਠ ਆਇਆ ਸੀ,
ਪੰਚੈਤ 'ਚੋਂ,

'ਤੇ ਭੜਕੀ ਸੀ ਲਾਟ
ਉਹਦੇ ਅੰਦਰ
ਸਰਪੰਚ ਦਾ ਟੀਰ ਯਾਦ ਕਰਕੇ
ਬੜੀ ਹੀ ਹਥਰੋਲੀ ਦਿੱਤੀ ਸੀ
ਬੌਂਦਲੇ ਹੋਏ ਨੇ
'ਤੇ ਗੁਰੂਆਂ ਦੀਆਂ ਮੂਰਤਾਂ
ਪੁੱਠੀਆਂ ਕਰਤੀਆਂ ਸੀ ।

ਫਿਰ ਬਾਬਾ ਲਾ ਦਿੰਦੈ ਧੂਫ
ਨਾਲ ਦੀ ਮਿਆਲੀ 'ਚ
ਪਰ ਇਸ ਵਾਰ ਪਤਾ ਨੀਂ
ਕਿਉਂ ਲੜੀ ਸੀ ਧੂਫ
ਧੂੰਏ ਵਾਂਗ !
ਮੈਂ ਜਦ ਵੀ ਆਖਦਾਂ ਉਸਨੂੰ----
"ਬਾਬਾ ! ਇਹ ਹਾਲ ?"
ਤਾਂ ਉਹ ਪੂੰਝਦੈ ਅੱਖਾਂ
ਖੱਟੇ ਪਰਨੇ ਨਾਲ
ਪਰ ਅੱਖਾਂ 'ਚ ਉਤਰ ਰਹੇ
ਮੋਤੀਏ ਦਾ
ਸ਼ਾਇਦ ਪਤਾ ਨੀ ਉਹਨੂੰ ।
ਸੁਣਨ ਲਈ ਕੋਈ ਹੱਡ ਹੰਢਾਈ
ਜਦ ਵੀ ਉਹਦੇ ਕੋਲ ਬੈਠੀਦੈ

ਤਾਂ ਜਿਵੇਂ
ਉਮਰ ਦਾ ਨਚੋੜ ਦੱਸ ਰਿਹਾ ਹੋਵੇ :
"ਬੰਦੇ ਦੀ ਕਾਹਦੀ ਜੂਨ"
'ਤੇ ਫਿਰ ਜੂਨ ਮਹੀਨਾ ਯਾਦ ਕਰਕੇ
ਹਰਮੰਦਰ ਵਾਂਗ ਘਿਰ ਜਾਂਦੈ
ਗਮਾਂ ਦੇ ਝੱਖੜ ਅੰਦਰ
'ਤੇ ਦਿਲ ਦਾ ਅਹਿਸਾਸ
ਅੱਖਾਂ ਥਾਣੀਂ
ਪਲਲ ਪਲਲ ਚੋਅ ਦਿੰਦੈ
ਬੜਾ ਸੋਚਦੈ ਫਿਰ ਬੜਾ ਸੋਚਦੈ
ਬੱਸ ਇੰਨ੍ਹਾਂ ਹੀ ਆਖਦੈ :
"ਅਲਾਦ ਨੀ ਕਿਸੇ ਕਾਰੀ ਦੀ"
ਅੱਜ ਕਲ੍ਹ ਪੋਤੇ ਵੀ ਆਉਂਦੇ ਨੇ
ਉਹਦੇ ਕੋਲ
ਤਾਂ ਅਖਬਾਰ ਸੁਣਾਉਣ
'ਤੇ ਅਖਬਾਰ ਦਾ ਪਹਿਲਾ ਪੰਨਾ
ਉਹ ਚਾਹੁੰਦਿਆਂ ਵੀ ਪਲਟਾ ਨੀਂ ਸਕਦਾ
ਕਈ ਵੇਰ ਉਭਰਦੈ
ਉਹਦੇ ਮਨ ਦੇ ਖਲਾਅ 'ਚ
ਕੋਇਲ ਦੀ ਅਵਾਜ਼ ਦਾ
ਧੁਨੀ-ਬਿੰਬ

ਪਰ ਜਦੋ ਬੋਲਣ ਲੱਗਦੇ ਨੇ ਉੱਲੂ
ਬੁੱਢੇ ਬਰੋਟੇ ਤੋਂ
ਝੜੀ ਦੇ ਹਾਣ ਜਿੱਡੀ ਇੱਛਾ ਕਰਦੈਂ
ਕਿ ਉੱਲੂ ਚੁੱਪ ਕਰ ਜਾਣ
ਪਰ ਇਨ੍ਹਾਂ ਦੀ ਜਗ੍ਹਾ ਕੀ ਹੋਵੇ
ਇਹ ਪਤਾ ਨੀਂ ਉਹਨੂੰ
ਇੱਕ ਨੰਨ੍ਹਾ ਜਿਹਾ ਖਿਆਲ ਹੀ
ਵਾਰ ਵਾਰ ਉਭਰਦੈ
ਉੱਲੂ ਚੁੱਪ ਕਿਉਂ ਨੀਂ ਕਰਦੇ !
ਉੱਲੂ ਚੁੱਪ ਕਿਉਂ ਨੀਂ ਕਰਦੇ !!

□

# ਇੱਕ ਤੇਲ ਦੀ ਪਲੀ

ਅੰਦਰ ਜੇ ਭਾਗ ਹੋਣ
ਕਾਹਨੂੰ ਮੌੜ ਹੁੰਦੈ ਵਕਤ
ਦਰਾਂ ਤੋਂ ਖਾਲੀ

ਕਿੱਥੇ ਬੰਨ੍ਹ ਹੁੰਦੈ ਸੱਚ
ਤਲਵੰਡੀ ਦੇ ਖੁੰਡਿਆਂ ਨਾਲ
ਇਹ ਸੱਚ ਜਮ੍ਹਾਂ ਨਹੀਂ, ਪੁਰਖਾ !
ਸਿਖਰ ਦੇ ਟਾਟਕੇ ਵਿਚ
ਭਰਮ ਦੇ ਹੱਥਾਂ ਦੀ ਓਟ ਐ
ਜਾਂ ਮਨ੍ਹਿਆਂ 'ਤੇ ਆਈ
ਨੀਂਦ ਹੋਣੀ ਐ ।

ਕਹਿੰਦੇ ਡੰਗਰ ਵੀ ਉੱਠ ਖੜ੍ਹਦੇ ਨੇ
ਗਾੜ੍ਹੀਆਂ ਰਾਤਾਂ 'ਚ
ਧਰਤੀ 'ਤੇ ਜਦ ਭਾਰ ਪੈਂਦਾ ਏ
ਪਰ ਇਹ ਘੁੰਡਾਂ ਵਾਲੇ ਲੋਕ

ਟੁੱਕਦੇ ਰਹਿੰਦੇ ਨੇ ਕਾਟੋ ਵਾਂਗ
ਉਮਰ ਦੀ ਸੀਰੀ ਪੋਰੀ
ਸੱਚ ਤਾਂ ਜੇ ਪੱਲੇ ਹੋਏ
ਲੜ ਜਾਂਦੇ ਦੰਦਈਏ ਵਾਂਗ
ਟਕੌ ਦੇ ਪਿੰਡੇ 'ਤੇ
ਫਿਰ ਕਿਥੇ ਬੈਠ ਹੁੰਦੇ ਜਿੰਦਗੀ 'ਤੇ
ਕੁੜਕ ਹੋ ਕੇ।

ਇਹ ਸਾਡੀ ਸਦੀ ਦੇ ਲੇਖ ਨੇ
ਕਿ ਹੋਏ ਨੇ ਦਾਨਣੀ ਦੇ ਵੀ ਬੈਅਨਾਮੇ
ਪਰ ਰਾਣੀ ਚਾਨਣੀ ਨੂੰ ਕੌਣ ਆਖੇ—
ਕਿ ਤੂੰ ਪਿੰਡ ਦੀ ਪੱਤ ਐਂ, ਕੁੜੇ !

ਨੰਗੇ ਵਕਤ ਨੂੰ ਮਿਲਦੇ ਨੇ
ਇਹ ਭਲੇਮਾਣਸ
ਅਹੁਦਿਆਂ ਦੇ ਘੁੰਡ ਸਰਕਾ
ਇਹ ਘੁੰਡ ਜੋ ਕਾਣੀਆਂ ਦੇ ਘੁੰਡ ਨੇ।
ਕਦੋਂ ਮਿਲਾਉਣਗੇ ਅੱਖ
ਇਹ ਦੌਰ ਦੀ ਪੁਲਸੀ ਅੱਖ ਨਾਲ
ਸੱਚ ਵਿੱਚ ਭਿਜਣੋਂ ਤਾਂ
ਬੜੇ ਹੀ ਜਕਦੇ ਨੇ
ਇਹ ਸ਼ਾਹੀ ਬੇਲ ਦੇ ਚੂੰਏਂ।

ਪਿੰਡੇ ਨੂੰ ਸੇਕ ਤੋਂ
ਸੰਜੋਅ ਏ ਇਨ੍ਹਾਂ ਦੀ
ਤਾਰੀਖੀ ਨਾਇਕਾਂ ਨੂੰ
''ਉਹ ਤਾਂ ਵੱਡੇ ਸਨ'' ਆਖਣਾ,
ਜ਼ਫਰਨਾਮਾ ਤਾਂ ਨਹੀਂ ਲਿਖ ਸਕਣਾ
ਇਸ ਦਰੋਣ ਦੀ ਜੂਨ ਨੇ
ਇਹ ਤੇਰੇ 'ਚੋਂ ਹੁੰਦਿਆਂ ਵੀ
ਤੇਰੇ ਨਹੀਂ ਬੰਦੇ !

ਦੂਰ ਨੇੜੇ ਭਿੱਜੀ ਰਾਤ 'ਚ
ਦੀਵਾ ਲੈ ਤੁਰੀ
ਮਾਂ ਹੋਣ ਦੀ ਇੱਛਾ ਜ਼ਰੂਰ ਸਾਡੀ ਏ
ਹੱਲਿਆਂ ਮਾਰੀ
ਹਾੜ ਬੋਲਦੀ ਧਰਤੀ ਦੀ
ਹਾੜ੍ਹੇ ਵਰਗੀ ਚੀਕ 'ਪਾਣੀ'
ਵੀ ਆਪਣੇ ਹੀ ਭਾਗ ਨੇ
ਪਰ ਸਾਡੇ ਨਹੀਂ ਇਹ ਘੁੰਡਾਂ ਵਾਲੇ ਲੋਕ !

ਫਿਰ ਕੌਣ ਭਰੇਗਾ ਹੁੰਗਾਰਾ
ਵਿਚਾਰੇ ਦੀਵਿਆਂ ਦਾ
ਸਾਡੀਆਂ ਤਾਂ ਗਲੀਆਂ ਦੇ ਲੇਖ ਨੇ
ਸਾਰੀ ਰਾਤ ਰੋਂਦੀ ਰਹੀ ਤੀਵੀਂ ਦੀ
ਨਜ਼ਰ ਵਰਗੀ ਚਾਨਣੀ

ਕੋਠਿਆਂ ਤੇ ਰੋਂਦੇ ਕੁੱਤੇ ਵੀ
ਤੇਰੇ ਆਪਣੇ ਨੇ, ਬੰਦੇ !
ਸ਼ਾਇਦ ਨਾਂ ਹੋਣ ਤੇਰੇ
ਇਹ ਅਕਲ ਨਾਲ ਚੋਪੜੇ ਚਿਹਰੇ ।
ਤੱਤੇ ਬੁਲਿਆਂ ਨਾਲ ਹੀ
ਭਰ ਆਉਂਦੇ ਦਿਲ ਵੀ
ਜ਼ਰੂਰ ਤੇਰੇ ਨੇ ।
ਇਨ੍ਹਾਂ ਤੇ ਤਾਂ ਪੈ ਜਾਏ
ਰੱਬ ਕਰਕੇ
ਸਾਡੇ ਦੌਰ ਦਾ ਸਬਰ
ਹਾੜ੍ਹਿਆਂ ਜਿਹੀ ਹੀ ਬਚੀ ਹੈ
ਸਾਡੇ ਘੰਡਾਂ 'ਚ ਵਾਜ
'ਤੇ ਬੀਂਡਿਆਂ ਵਰਗੇ ਰਾਤ ਦੇ ਗੌਣ ।
ਭਰ ਆਈ ਅੱਖ ਦੀ
ਹਰਕਤ ਵਰਗੇ ਹੱਥ
ਵਹਿ ਤੁਰਦੇ ਨੇ
ਸਾਡੀ ਬੀਹੀ 'ਚ ਗਾਉਂਦੇ :
"ਸਾਡਾ ਗੜ੍ਹਵੜਾ ਤਾਂ ਮੰਗਦਾ ਏ ਤੇਲ ਦੀ ਪਲੀ !
ਸਾਡਾ ਗੜ੍ਹਵੜਾ ਤਾਂ ਮੰਗਦਾ ਏ ਤੇਲ ਦੀ ਪਲੀ !!"

□

# ਚੇਲਾ ਮਨੁੱਖ

ਕਾਂਡਾਂ ਦੀ ਗੱਠ ਸਿਰ 'ਤੇ ਚੁੱਕ
ਤੁਰਿਆ ਸੀ ਜਦ
ਇਤਹਾਸ-ਰਾਹੀ
ਆਦਿ ਸਮੇਂ ਦੀ ਦੇਹਲੀਓਂ
ਤਦ ਪਿੱਠ ਪਿੱਛੇ ਕਿਸੇ ਛਿੱਕ ਮਾਰੀ
'ਤੇ ਹਰ ਮੋੜ ਤੇ ਤਾਰੀਖ
ਰਾਹ ਭੁੱਲਦੀ ਰਹੀ।

ਮਹਾਂਪੁਰਖ ਹੁੰਦੇ ਨੇ ਤਾਰੀਖ ਦੇ ਮੀਲ-ਪੱਥਰ
ਜੋ ਸਫਰਾਂ ਦੀ ਦਿਸ਼ਾ ਬੰਨਦੇ ਨੇ
ਜੋ ਹੁੰਦੇ ਨੇ ਲਾਲਟੈਣ
ਕਾਫਲੇ ਦੇ ਮੂਹਰੇ ਤੁਰਦੀ
'ਤੇ ਚੇਲਾ ਮਨੁੱਖ ਹੈ
ਤਾਰੀਖ ਦੀ ਪਹਿਲੀ ਛਿੱਕ

ਜਿਹੜੇ ਉੱਗਦੇ ਨੇ ਝਾੜਾਂ ਵਾਂਗ
ਮੀਲ-ਪੱਥਰਾਂ ਦੁਆਲੇ
ਜਿਥੋਂ ਤਾਰੀਖ ਦੇ ਰਾਹ ਭੁਲੱਣ ਦੇ
ਹਾਦਸੇ ਅਰੰਭ ਹੁੰਦੇ ਨੇ
ਉਨ੍ਹਾਂ ਪਲਾਂ ਦਾ ਕੁਸ਼ਗਨ ਹੁੰਦੈ
ਚੇਲਾ ਮਨੁੱਖ
ਜਦ ਤਾਰੀਖ ਦਾ ਸ਼ਾਹਰਾਹ
ਪਹਿਆਂ ਡੰਡੀਆਂ 'ਚ ਤਿੜਕ ਜਾਂਦੈ ।

ਵਸਾਖ 'ਚ ਚੱਲੇ ਝਾਂਜੇ ਤੋਂ ਬਾਦ
ਜੱਟ ਦਾ ਡੋਲ ਤੇ ਖੜ੍ਹ
ਜਿਵੇਂ ਭੁੱਬ ਮਾਰਨ ਨੂੰ ਜੀਅ ਕਰਦੈ
ਕਵੀ ਮਾਰਦੈ ਧਾਹ
ਕੋਈ ਜੁੱਗ ਜਦ ਫੜ੍ਹਕ ਜਾਂਦੈ
ਸਮੇਂ ਦੀ ਡੰਡੀ ਉੱਤੇ
'ਤੇ ਚੇਲੇ ਬਣ ਖਿੰਡ ਜਾਂਦੈ
ਰਾਹਾਂ ਦੀ ਧੂੜ ਵਿਚ ।

ਚੇਲਾ ਮਨੁੱਖ ਨੇ
ਤਾਰੀਖ ਨੂੰ ਲੱਗੀ ਪਹਿਲੀ ਨਜ਼ਰ
ਇਹ ਜਾਲਾ ਹੁੰਦੇ ਨੇ
ਕਿਸੇ ਜੁੱਗ ਦੇ ਬੂਰ ਨੂੰ ਪਿਆ

ਇਹ ਮਹਾਂਪੁਰਖ ਦੇ ਕੱਦ ਦਾ
ਸਲ੍ਹਾਬੇ ਗੁੜ ਵਾਂਗ ਬੈਹ ਜਾਣੈ
'ਤੇ ਧਰੂ ਦਾ
ਦੀਵਿਆਂ 'ਚ ਤਰਜਮਾ ਨੇ ।
ਜਦ ਟੇਕਿਆ ਗਿਆ ਪਹਿਲੀ ਵਾਰ ਮੱਥਾ
ਉਸ ਚੰਦਰੀ ਘੜੀ ਦੇ ਬੀਜ ਨੇ,
ਚੇਲੇ,
ਜਿਹੜੇ ਖਿੰਡਦੇ ਰਹੇ
ਕਾਂਗਿਆਰੀ ਵਾਂਗ
ਸਮੇਂ ਦੀ ਰੌਣੀ 'ਚ ।
ਹਰ ਜੁੱਗ ਦੇ ਅੰਬਰ ਤੋਂ
ਇਨਾਂ ਤੋੜਿਆ ਤਾਰਾ
'ਤੇ ਨਿਆਣਿਆਂ ਦਾ ਝਾੜਾ ਪੂੰਝਦੇ ਰਹੇ
ਸ਼ਾਨਾਂ ਦਾ ਰੁੱਸਿਆ ਅੰਬਰ
ਦੂਰ ਭੱਜਦਾ ਰਿਹਾ,
ਇਹ ਪਾਲੀਆਂ 'ਚ ਸੱਤਿਆ ਸੀ
ਕਿ ਹਾਕਾਂ ਨੇ ਅੰਬਰ ਥੰਮ ਲਿਆ
ਨਹੀਂ ਤਾਂ ਖਵ੍ਰੇ ਮਿੱਟੀ ਅੱਜ
ਚਾਨਣੀ ਦੀ ਟਹਿਕ ਤੋਂ ਨਪੁੱਤੀ ਹੁੰਦੀ ।
ਕਵੀ ਹਾਂ
ਖੜ੍ਹਾ ਹਾਂ ਬੀਤੇ ਦੇ ਪੱਤਣਾਂ ਤੇ

ਅੱਜ ਦੀ ਮੌਣ ਤੇ ਪੈਰ ਰੱਖਕੇ
ਔਣ ਵਾਲੇ ਅੰਬਰ ਨੂੰ ਬੋਚਣਾ ਲੋਚਦਾਂ
ਵਿੰਨ੍ਹ ਸਕਦਾਂ ਸਮੇਂ ਦੀ ਤਹਿ ਨੂੰ
ਨਜ਼ਰ ਦੀ ਡੁਬਕੀ ਨਾਲ।
ਹੱਸਦੇ ਨੇ ਜਦੋਂ ਵੀ ਚੇਲੇ
ਕਿਸੇ ਦੌਰ ਦੇ ਤਵੇ ਤੇ
ਤਾਂ ਕਵੀ ਦੇ ਕੰਨਾਂ 'ਚ
ਜੁੱਗ ਦੀਆਂ ਬਦਫੈਲੀਆਂ ਦੀ
ਚੁਗਲੀ ਹੁੰਦੀ ਐ
'ਤੇ ਉਠਦੀਆਂ ਨੇ ਦਿੱਲ 'ਚ ਛੱਲਾਂ
ਕਿ ਦੇ ਦਈਏ ਲੰਬਾ ਹੱਥ ਰੱਖਕੇ
ਨਜ਼ਮਾਂ ਦਾ ਛੱਟਾ।

ਜਦ ਵੀ ਤਾਰੀਖ ਨੇ
ਦਿਨੇ ਇਨਾਂ ਦੀ ਬਾਤ ਪਾਈ
ਰਾਹ ਭੁੱਲਦੀ ਰਹੀ ਐ
ਕਿਸੇ ਜੁੱਗ ਦੇ ਅੰਬਰ ਦੀ
ਛਿਪਦੀ ਅੱਖ ਤੇ
ਕਾਲਾ ਮੋਤੀਆ ਬਣ ਉਤਰਦੇ ਨੇ
ਚੇਲਾ ਮਨੁੱਖ
ਇਨ੍ਹਾਂ ਡਬੋਲੀਆਂ ਦੇ ਪੱਟੇ ਤਾਂ

ਜੁੱਗਾਂ ਦੇ ਠੰਡੇ ਖੂਹ ਸੁੱਕ ਜਾਂਦੇ ਨੇ
ਇਤਹਾਸ-ਰਾਹੀ ਦਾ ਹਲਕ ਗਿੱਲਾ ਕਰਨਾ ਤਾਂ
ਵਸ ਨੀਂ ਇਨ੍ਹਾਂ ਦੇ।
ਸਮਾਂ ਤਾਂ ਮੰਗਦੈ
ਖੁੱਲੇ ਵਾਹਣਾਂ 'ਚ ਸਫਰ ਦਾ ਜੇਰਾ
ਸਮਾਂ ਡੰਡੀਆਂ ਬਣ
ਅੱਗੇ ਕਦੇ ਨੀ ਵਿਛਦਾ।
ਇਹ ਕਰਦੇ ਹਨ ਵਕਤ ਨਾਲ
ਰੱਸਾਕਸੀ
'ਤੇ ਸਮੇਂ ਦੀ ਲੱਜ ਤੋਂ
ਹੱਥ ਛਿਲਵਾ ਬਹਿੰਦੇ ਨੇ।
ਮੱਲਦੇ ਰਹਿਣਗੇ ਜਦ ਤੱਕ
ਇਹ ਔੜ ਵਾਂਗ
ਸਮੇਂ ਦੀਆਂ ਡੰਦੀਆਂ 'ਚ
ਜੁੱਗਾਂ ਦੇ ਸੂਰਜਮੁਖੀ
ਟਾਂਡਿਆਂ ਵਾਂਗ ਟੁੱਟਦੇ ਰਹਿਣੇ ਹਨ
ਗੁੰਮ ਜਾਣੇ ਨੇ ਮੀਲ-ਪੱਥਰ
ਝਾੜਾਂ ਓਹਲੇ
'ਤੇ ਤਾਰੀਖ ਰਾਹ ਭੁੱਲਦੀ ਰਹੇਗੀ।

☐

# ਮਿਟ ਰਹੇ ਲੋਕ

ਇਹ ਜੋ ਸਿਜਦਿਆਂ 'ਚ ਨੇ
ਵਰਤਮਾਨ ਦੀ, ਧੌਂਸ ਅੱਗੇ
'ਤੇ ਨਜ਼ਰਾਂ 'ਚੋਂ
ਗੈਰਤ ਨੂੰ ਝਾੜ ਰਹੇ ਨੇ—
ਬਣ ਰਹੇ ਨੇ ਅੱਟਣ
ਜ਼ਿੰਦਗੀ ਦੀ ਕੋਮਲ ਪਰਤ 'ਤੇ ।

ਸੁਬ੍ਹਾ ਦੀਆਂ ਘੰਟੀਆਂ
ਖੜਕਦੀਆਂ ਨੇ ਜਦ
ਸੱਚ ਦੇ ਟਿੱਲਿਓਂ
ਇਹ ਹਵਾ 'ਚ ਤੈਰਦੀਆਂ
ਤਰੰਗਾਂ ਲਈ
ਨਿਰੋਧਕ ਬਣਦੇ ਨੇ,
'ਤੇ ਤੜਕੇ ਦੀ ਹਵਾ ਨਾਲ

ਜਦ ਉਡਣ ਲੱਗਦੈ
ਰਾਤ ਦਾ ਪੱਲਾ
ਤਾਂ ਇਹ ਕਿਰਨਾਂ 'ਤੇ ਗਾਹਲਾਂ ਥੁੱਕਦੇ ਨੇ
ਇਹ ਟਲਦੇ ਨੇ ਸੁਪਨੇ ਲੈਣੋਂ
ਕਿ ਨੀਂਦ 'ਚ
ਭੰਗਣਾ ਨਾਂ ਪਏ
'ਤੇ ਮਸਲ ਦਿੰਦੇ ਨੇ
ਵਿਦਰੋਹ ਨੂੰ
ਘਰਾਂ ਦੀ ਸੁਰੱਖਿਆ 'ਤੇ ਰੱਖਕੇ।
ਇਹ ਜਾਣਦੇ ਨਹੀਂ
ਕਿ ਕਿੰਝ ਦਈਦੇ ਨੇ
ਸਮੇਂ ਨੂੰ ਸਿਰਲੇਖ
'ਤੇ ਇਤਿਹਾਸ ਦੇ ਪਹੀਏ 'ਚੋਂ
ਫਾਲਾਂ ਵਾਂਗ
ਕਿਰਦੇ ਰਹਿੰਦੇ ਨੇ
ਇਨ੍ਹਾਂ ਦੀ ਗਠੀਆ ਹੋਈ ਸੋਚ
ਉਂਗਲਦੀ ਹੈ
ਅਛੂਤ ਸ਼ਬਦ
ਜੋ ਹੋਣੀਆਂ ਅੱਗੇ ਡੰਡੌਤ ਕਰਦੇ ਨੇ
'ਤੇ ਹਵਾ ਚੱਲਦੀ ਹੈ ਜਦੋਂ

ਸ਼ਰੀਕ ਦੇ ਚਾਦਰੇ ਵਾਂਗ ਖੜਕਦੀ
ਤਾਂ ਇਹ ਤੁਰਦੇ ਹਨ ਉਸ ਰੁਖ
ਕਿ ਆਤਮਾ ਦੇ ਰੜਕਦੇ ਕੋਨੇ
ਰਗੜ ਹੁੰਦੇ ਰਹਿਣ
'ਤੇ ਪਿੰਡੇ ਦੇ
ਲੂੰਆਂ ਤੋਂ ਉਠਿਆ ਕਾਂਬਾ
ਇਨ੍ਹਾਂ ਦੇ ਸਬਰ ਦੀਆਂ
ਮਸ਼ਕੋਰਾਂ 'ਚ ਖਖਦਾ ਰਹਿੰਦੈ ।

ਜਦ ਸਫੇਦ ਆਤਮਾ ਵਾਲਾ
ਕੋਈ ਬੱਚਾ
ਦਿਨ 'ਤੇ ਜੰਮੀ ਕਾਲੀ ਪਰਤ
ਛਿੱਲ ਦਿੰਦੈ
ਤਾਂ ਇਹ ਬਣ ਜਾਂਦੇ ਨੇ ਝਿੜਕਾਂ
ਨ੍ਹੇਰੇ ਦੀ
ਵਿਗੜੀ ਸ਼ਕਲ ਵੇਖ ।

'ਤੇ ਸੱਪਾਂ ਨੂੰ ਸਵਾਲੀ ਚਿੰਨ੍ਹਾਂ ਵਾਂਗ ਬਣਾ
ਗੱਡ ਦਿੰਦੈ
ਜਦ ਹਵਾ 'ਚ ਕੋਈ
ਤਾਂ ਇਹ ਮੂੰਹ ਭਵਾ
ਨਜ਼ਰਾਂ ਨੂੰ
ਗੱਲਿਆਂ 'ਚ ਬੰਦ ਕਰ ਦਿੰਦੇ ਨੇ

'ਤੇ ਲੰਘ ਜਾਂਦੇ ਨੇ
ਦਿਨ ਕਟੀ ਦੀ ਬੁੱਕਲ ਮਾਰ ।

ਇਹ ਜੋ ਡਿੱਗ ਰਹੇ ਨੇ
ਸਮੇਂ ਤੋਂ ਤਿਲ੍ਹਕ-ਤਿਲ੍ਹਕ ਕੇ
ਇਨਾਂ ਦੇ ਮਸਤਕਾਂ 'ਚ ਬਣੇ
ਮੰਡੀਆਂ ਜਿਹੇ ਮਹੌਲ ਤੋਂ
ਵਿਦਰੋਹ ਬਾਹਰ ਹੀ
ਕੁਮਲਾ ਜਾਂਦੈ
'ਤੇ ਜਿਊਣ ਦੇ ਅਰਥਾਂ ਦਾ
ਮਾਇਆਕਰਨ ਹੁੰਦਾ ਰਹਿੰਦੈ

ਥੱਕੇ ਵਕਤਾਂ ਦੇ ਇਹ ਲੋਕ
ਸੌਂਦੇ ਹਨ,
ਅੱਖਾਂ ਰਾਤਾਂ ਨਾਲ ਢਕ ਕੇ
'ਤੇ ਮਰਦੀ ਰਹਿੰਦੀ ਹੈ
ਕਿਰਨਾਂ ਦੀ ਚਹਿਕ
ਇਨਾਂ ਦੇ ਮਸਤਕਾਂ ਅੰਦਰ ।
ਇਹ ਤੱਕਦੇ ਨੇ
ਸਿਆਹ ਅੰਬਰ ਵੱਲ
ਤਾਰੇ ਪਾਸੇ ਹਟਾ ਕੇ
'ਤੇ ਸਹਿਮੇ ਹੱਥਾਂ ਨਾਲ
ਜੁਗਨੂੰ ਬੁਝਾਉਂਦੇ ਰਹਿੰਦੇ ਨੇ
□

## ਸੁੱਕ ਰਹੀ ਕਲਮ ਦੇ ਰੂ-ਬ-ਰੂ

ਜਿੱਥੇ 'ਜਪੁ' ਨੇ
ਵੇਲੇ ਦਾ ਅਧਰੰਗ ਖੋਲ੍ਹਿਆ ਸੀ
ਜਿੱਥੇ 'ਜ਼ਫਰਨਾਮੇ' ਨੇ
ਪੱਥਰ ਨੂੰ ਧੜਕਣ ਦਿੱਤੀ ਸੀ
ਜਿੱਥੋਂ ਦੇ ਇਤਿਹਾਸ 'ਚ
ਕਾਵਿਕ-ਸਾਹਾਂ ਦਾ ਜ਼ਿਕਰ ਏ
ਓਥੇ ਹੀ—
ਕਲਮ ਸੁੱਕ ਰਹੀ ਹੈ।

ਉਂਝ ਤਾਂ ਕਰ ਦਿੰਦਾਂ ਮੈਂ ਵੀ
ਹੱਥ ਨਾਲ ਸੂਰਜ ਬੁਝਾਉਣ ਵਰਗੀ,
ਗੱਲ ਕੋਈ
'ਤੇ ਬਾਹਵਾਂ ਨੂੰ
ਹਵਾ 'ਚ ਨਾਅਰਿਆਂ ਸੰਗ
ਲਹਿਰਾ ਦਿੰਦਾਂ—

ਕਿ ਦਿਨ ਨੂੰ
ਗਲਾਮੇ ਤੋਂ ਫੜ ਲਿਆਵਾਂਗੇ
ਕਿ ਅੰਨ੍ਹੇ ਖੌਰਿਆਂ ਨੂੰ
ਧੱਕੇ ਮਾਰਾਂਗੇ
ਕਿ ਤਾਰਿਆਂ ਦੇ ਉਂਜਲੇ ਸੁੱਟ-ਸੁੱਟ
ਵਿਹੜਿਆਂ 'ਚ ਜੰਮੀ ਰਾਤ
ਖੋਰ ਦਿਆਂਗੇ,
ਪਰ ਫਲੰਗਿਆਂ ਵਾਂਗ ਵੱਜਦੇ
ਦੌਰ ਦੇ ਖੰਘੂਰਿਆਂ ਸਾਹਵੇਂ
ਲੰਘ ਜਾਂਦੀ ਏ ਨੀਵੀਂ ਪਾ
ਸਾਊ ਜਿਹੀ ਕੁੜੀ ਵਾਂਗ
ਸ਼ਾਮਾਂ ਨੂੰ ਸ਼ਬਦਾਂ 'ਚ
ਸਰਘੀਆਂ ਵਾਂਗ ਬੁਣਨ ਦੀ ਰੁਚੀ
ਅਜੇ ਤਾਂ ਪ੍ਰਤੱਖ ਵਾਪਰਦੇ ਸਨਮੁੱਖ
ਮਟੁੰਨ ਬੇ-ਬਸੀ ਹੀ ਖੜ੍ਹੀ ਹੈ
ਉਂਝ ਮਨ 'ਚ ਉਡੀਕ ਵੀ ਐ
ਨ੍ਹੇਰੇ ਦੀ ਮੌਤ ਦੇ
ਸੱਚ ਦੀ
ਪਰ ਵਰਤਮਾਨ ਤਾਂ
ਹਲਕਿਆ ਫਿਰ ਰਿਹੈ

ਫੈਲ ਰਿਹੈ
ਚੁਾਮਲੇ ਹਥਿਆਰਾਂ ਦਾ ਦਾਬਾ
'ਤੇ ਹਵਾ 'ਚੋਂ
ਸਲੀਕਾ ਮੁੱਕ ਰਿਹੈ
ਇਹ ਕਿਹੜੀ ਥੰਮੀ
ਡਿੱਗ ਪਈ ਐ
ਕਿ ਯੁੱਗ
ਪਿੱਛੇ ਨੂੰ ਸਰਕ ਗਿਐ
ਦੌੜ ਗਿਐ ਸਮਾਂ
ਜੰਗਲਾਂ ਵੱਲ
'ਤੇ ਰਾਹ 'ਚ ਡਿੱਗੀ ਕਲਮ
ਦਮ ਤੋੜ ਰਹੀ ਐ
ਧਰਤੀ ਅਤੇ ਸੂਰਜ ਦੀ
ਇਹ ਕਿਹੜੀ ਵਿਥ-ਸਥਿਤੀ ਐ
ਕਿ ਰੁੱਤ ਦੀ ਡੋਰ
ਨਹੁੰਦਰਾਂ ਦੇ ਹੱਥ ਆ ਗਈ ਏ
ਇਹ ਕੇਹਾ
ਸਭਿਅਤਾ ਪ੍ਰਵੇਸ਼ ਹੋਇਐ
ਕਿ ਇਤਿਹਾਸ ਦੇ

ਜੰਗਲੀ ਕਾਂਡਾਂ ਨੂੰ
ਵਰਤਮਾਨ ਖਣਨਾ ਪਿਆ

ਇਹ ਕਿਹੜੇ ਰੁਖ ਦੀ ਹਵਾ ਐ
ਜੋ ਸੰਗੀਨਾਂ ਦੀ ਵਾਰ
ਗਾ ਰਹੀ ਹੈ
'ਤੇ ਕਿਥੋਂ ਉੱਠਿਆ ਏ
ਹਥਿਆਰਾਂ ਦਾ ਇਹ ਖੜਕਾ
ਕਿ ਕਲਮ ਦੇ ਸਲੀਕੇ-ਬੋਲ
ਚੁੱਪ ਜਿਹੇ ਲੱਗਣ ਲੱਗੇ ਨੇ

ਇਸ ਮਿੱਟੀ ਦੀ
ਕੁੱਖ ਨੂੰ ਵੀ ਗਿਲਾ ਏ
ਸਮੇਂ ਦੇ ਇਸ ਭੈਂਗੇ-ਇਨਸਾਫ 'ਤੇ
ਕਿ ਜਿਥੇ ਕਲਮਾਂ ਨੇ ਮੌਲਣਾ ਸੀ
ਉੱਥੇ ਹਥਿਆਰਾਂ ਦਾ ਚੀਂਗ-ਚੰਗਿਆੜਾ ਹੈ
'ਤੇ ਬਚਿਆ ਸੱਚ ਆਖ ਰਿਹੈ—
ਕਿ ਸਮੇਂ ਦੇ ਇਸ ਦੌਰ ਦੀ ਇਲਤ
ਸਮੇਂ ਦੀ ਤੋਰ ਨੂੰ ਦੱਸਾਂਗੇ

ਔਹ ਕਿਲ੍ਹੇ ਦੀ ਛਾਂ 'ਚ
ਖੜ੍ਹੇ ਨੇ ਕੁੱਝ

ਜਿਨ੍ਹਾਂ ਹਥਿਆਰਾਂ ਦੇ
ਸੰਗਲ ਖੋਲ੍ਹੇ ਸੀ
ਇਧਰੋਂ ਹੀ ਆ ਰਹੀ ਹੈ
ਇਹ ਡੰਗਰ-ਖੁਰਾਂ ਦੀ ਪੈੜ
ਜੋ ਕਲਮਾਂ ਨੂੰ ਮਿੱਧਦੀ ਹੋਈ
ਖੋ ਰਹੀ ਹੈ
ਛਿਪਦੀ ਦੀ ਕਾਲਸ ਵਿਚ
'ਤੇ ਸਮਾਂ ਖੜ੍ਹਾ ਹੈ
ਫੌਜੀ ਬੂਟ ਪਾਈਂ
ਕਲਮ ਦੀ ਹਿੱਕ 'ਤੇ
ਵੱਜ ਰਹੀ ਹੈ ਕਲਮ ਦੀਆਂ ਅੱਖਾਂ 'ਚ
ਰੇਗਿਸਤਾਨੀ ਹਵਾ
'ਤੇ ਸੰਗੀਨਾਂ ਦਾ ਛੌਰਾ
ਲਗਾਤਾਰ ਫੈਲ ਰਿਹੈ ।

□

## ਸਮਝ ਆਉਣ ਤੱਕ

ਅਸੀਂ ਤਾਂ ਕਵਿਤਾ ਸੁਣਾ
ਤੁਰਦੇ ਬਣਾਂਗੇ
'ਤੇ ਬੁਝ ਜਾਵਾਂਗੇ
ਬੁਆਨੂੰ ਸਮਝ ਆਉਣ ਤੱਕ
ਸ਼ਾਇਦ ਤੁਸੀਂ
ਸਿਵਿਆਂ ਤੇ ਜਾ ਹੁੰਗਾਰੇ ਭਰੋ ।

ਢੂੰਡ ਤਾਂ ਸੀ
ਔੜ ਮਾਰੇ 'ਚ ਕੋਈ ਜਿਊਂਦੀ ਤਿੜ੍ਹ ਹੋਵੇ
ਸੋਕੜੇ ਸਮਾਜ 'ਚ
ਕਵਿਤਾ ਵਰਗਾ ਕੁੱਝ ਧੜਕਦਾ ਮਿਲੇ
ਕੰਧੋਲੀਆਂ 'ਚ ਲਿਪਟੇ ਨਿਆਣਿਆਂ 'ਚ
ਕੋਈ ਨਾਜ਼ਿਮ, ਗੋਰਕੀ. ਪਾਬਲੋ ਹੋਏ
ਪਰ ਸਾਡੀ ਆਉਂਦਨੀ ਤਾਂ ਰਹੀ

ਅਰਦਾਸ ਦੌਰਾਨ ਗੁਰਦੁਆਰੇ ਜਾਣ ਵਰਗੀ
'ਤੇ ਅਰਦਾਸ ਉਸੇ ਤਰ੍ਹਾਂ ਜਾਰੀ ਰਹੀ
ਵਕਤ ਦੇ ਸੜੇ ਛੱਪੜ 'ਚ
ਨਹੀਂ ਵੱਜ ਸਕੇ
ਡਲੇ ਵਾਂਗ ਵੀ
ਆਏ ਤਾਂ ਸੀ
ਕਿ ਕੱਢਾਂਗੇ ਵਕਤ ਦੇ ਕੁਤਕਤਾੜੀਆਂ
ਪਰ ਬੇਲਰਜ਼ ਰਿਹਾ
ਸਮਾਜ ਦਾ ਬੇਜਾਨ ਪਿੰਡਾ ।

ਖਵਨੀ ਕਿਸ ਕਾਲੇ ਬਰਸੀਂ ਤੁਰੇ ਸੀ
ਕਿ ਆਉਂਦਿਆਂ ਨੂੰ ਟੱਕਰਿਆ
ਖਰਸ ਖਾਧਾ ਸਮਾਜ
ਹੁਮਕੇ ਗ੍ਰੰਥ-ਗਿਆਨ 'ਤੇ ਦਰਸ਼ਨ
'ਤੇ ਹਾਣ ਦਾ ਕੁੱਝ ਵੀ ਨਾਂ ਮਿਲਿਆ
ਟੱਕਰਦੇ ਰਹੇ ਬੱਸ
ਸਿਲੇਬਸ 'ਚ ਲੱਗੀਆਂ ਕਿਤਾਬਾਂ ਵਰਗੇ
ਰਿਸ਼ਤੇਦਾਰ ਉਪਦੇਸ਼ਕ
'ਤੇ ਸ਼ਰਾਬੀ ਖਸਮਾਂ ਵਰਗੇ ਬੁੜ੍ਹੇ
ਜੋ ਆ ਚੜ੍ਹਦੇ ਨੇ

ਸਾਡੀ ਕੋਮਲ ਮਾਨਸਿਕਤਾ 'ਤੇ
ਖੌਸੜਿਆਂ ਸਣੇ
'ਤੇ ਲੂਹ ਦਿੰਦੇ ਨੇ ਕੋਮਲ ਕਵਿਤਾ
ਉਹ ਮੰਗਦੇ ਨੇ ਕਵਿਤਾ ਤੋਂ
ਨੌਕਰੀ
ਪਰ ਉਨ੍ਹਾਂ ਨੂੰ ਕੀ ਦੱਸੀਏ, ਮਲੱਖ ਜੀ !
ਕਿ ਕਵਿਤਾ ਨੌਕਰੀ ਨਹੀਂ
ਜ਼ਿੰਦਗੀ ਦੇ ਅਰਥ ਦਿਆ ਕਰਦੀ ਹੈ
'ਤੇ ਕਵਿਤਾ ਜਿਥੋਂ ਸ਼ੁਰੂ ਹੁੰਦੀ ਹੈ
ਧੰਧ ਪਿੱਟਣੇ ਮੁੱਕਦੇ ਨੇ ਉਥੇ ।
ਉਹ ਗਈ ਰਾਤ ਤੱਕ ਦੇ ਸਾਡੇ ਅਧਿਐਨ ਤੋਂ
ਲੈਂਦੇ ਨੇ ਮਰਮਰੀ ਕੋਠੀਆਂ
'ਤੇ ਤਕੜੇ ਕੁੜਮਾਂ ਦੇ ਸੁਪਨੇ
ਪਰ ਜਿਸ ਬਲਾਅ ਦੀ ਸਾਨੂੰ ਤਲਾਸ਼ ਏ
ਉਹ ਛਿੱਦੇ ਟੋਕਰੇ ਜਿਹੀਆਂ
ਇਨ੍ਹਾਂ ਮੱਤਾਂ ਦੇ ਅਨੁਭਵ ਦੀ ਸ਼ੈਅ ਨਹੀਂ ।

ਅਸੀਂ ਤਾਂ ਚਾਹੁੰਦੇ ਹਾਂ ਜ਼ਿੰਦਗੀ
ਕਿਸੇ ਮਾਣਮੱਤੀ ਕੁੜੀ ਦੀ ਅੱਖ ਵਰਗੀ
ਅਸੀਂ ਪੰਜਾਲੀਆਂ ਹੇਠ ਜੁੜਨ ਲਈ
ਤਾਂ ਨਹੀਂ ਆਏ, ਵਕਤਾ !
ਬਿੜੀਆਂ ਵਰਗੇ ਨੇ ਸਭ ਰਿਸ਼ਤੇ ਇਥੇ

'ਤੇ ਘਰ ਵੀ
ਡੱਡਾਂ ਵਾਂਗ ਫੁੱਲੀਆਂ
ਜੇਬਾਂ ਵਾਲਿਆਂ ਨੂੰ ਸੰਘੀਲਦੇ ਨੇ
ਲੱਛਮੀ ਦੇ ਪੁੱਤ ਨਾ ਬਣ ਸਕਣਾ ਹੀ
ਸਾਡੇ ਦੁਖਾਂ ਦਾ ਕਾਰਨ ਬਣ ਗਿਐ

ਉਂਝ ਤੇ ਜੇ ਫਲਸਫਾ
ਰੁਮਾਲਿਆਂ 'ਚ ਨਾਂ ਸਿਮਟਦਾ
ਅਸੀਂ ਵੀ ਮਾਪਿਆਂ ਦੇ
ਲਫੈਂਡ ਪੁੱਤ ਨਹੀਂ ਸੀ ਹੋਣਾ
ਅਸੀਂ ਜੋ ਭੌਂਕ ਸਕਦੇ ਹਾਂ ਘੰਟਿਆਂ ਬੱਧੀ
ਕੋਰੇ ਕਾਗਜ਼ਾਂ ਮੂਹਰੇ
ਪੈ ਜਾਂਦੀ ਏ ਦੰਦਲ
ਜਦ ਹੱਥੀਂ ਸਾਹਿੱਤਕ ਪੁਸਤਕਾਂ ਵੇਖ
ਘਰਦੇ ਪੁੱਛਦੇ ਨੇ
"ਇਨ੍ਹਾਂ ਮ੍ਹਾਂ ਤੇ ਕਿਆ ਮਿਲਦਾ......?"
ਇਨਾਂ ਨੂੰ ਕੀ ਦੱਸੀਏ ਵੇਲੇ ਦੇ ਧਗੜਿਓ ।
ਤੁਸੀਂ ਜੋ ਅਜੇ ਤੱਕ
ਦੱਸ ਨੀਂ ਸਕੇ
ਮਲੱਖ ਨੂੰ ਸਾਹਿਤ ਦੇ ਅਰਥ

'ਤੇ ਅਜੇ ਵੀ ਹਰ ਖੂੰਜੇ 'ਚੋਂ
ਮਰੀਆਂ ਸਦੀਆਂ ਦੀ ਬੋਅ ਆਉਂਦੀ ਐ ।

ਉਂਝ ਤਾਂ ਕਵਿਤਾ ਘੂਰ ਸਕਦੀ ਐ
ਲਾਲ ਕਿਲੇ ਨੂੰ ਵੀ
ਪਰ ਸਭ ਰਠੌੜੀਆਂ
ਬੈਹ ਜਾਂਦੀਆਂ ਨੇ ਮੂਤ ਦੀ ਝੱਗ ਵਾਂਗ
ਜਦ ਅੜਬ ਬੁੜ੍ਹਿਆਂ ਦੇ
ਪੁਲਸ ਵਰਗੇ ਲੋ
ਸਾਡੀ ਸੰਵੇਦਨਾ ਦੇ ਪਾਕਿ ਘੇਰੇ 'ਚ
ਆ ਘੁਸਦੇ ਨੇ
ਕਵਿਤਾ ਜੋ ਤੂਫਾਨਾਂ ਨੂੰ
ਲਲਕਾਰਨ ਦੀ ਹਿੰਮਤ ਵੀ ਰੱਖਦੀ ਐ
ਸੌਂ ਜਾਂਦੀ ਐ ਸੁਸਰੀ ਵਾਂਗ
ਡੇਰੇਦਾਰ 'ਵਿੱਦਵਾਂਣਾਂ' ਦੇ
ਖੜੋਤ ਵਰਗੇ ਸਵਾਲਾਂ ਦੀ ਹਵਾੜ ਸਾਹਵੇਂ
ਇਹ ਕਵਿਤਾ ਪਾਠਕਾਂ ਲਈ ਹੁੰਦੀ ਐ
ਪਾਠੀਆਂ ਲਈ ਤਾਂ ਨਹੀਂ
ਇਹ ਪਾਠੀ ਹੀ ਹਨ
ਕਵਿਤਾ ਦੇ ਭਰ ਦੁਸ਼ਮਣ
ਇਹ ਰੱਬ ਦੇ ਬੰਦੇ

ਸੁੰਨ ਕਰਦੇ ਨੇ ਕਵਿਤਾ ਨੂੰ
ਇਲਹਾਮਾਂ ਦਾ ਨਾਂ ਦੇਹ
ਤੇ ਕਾਵਿ-ਪੁਸਤਕਾਂ ਨੂੰ
ਦੈਵੀ-ਗ੍ਰੰਥ ਬਣਾ ਧਰਦੇ ਨੇ।

ਇੱਥੇ ਹਵਾ 'ਚ ਰਲੀ ਐ
ਗਾਲਾਂ ਜਿਹੇ ਨਾਅਰਿਆਂ ਦੀ ਡਾਟ
'ਤੇ ਸਮਾਜ ਦੇ ਲਾਣੇਦਾਰ ਚੁਭਦੇ ਨੇ
ਕੱਟੀਆਂ ਮੁੱਛਾਂ ਵਾਂਗ
ਕਵਿਤਾ ਦੇ ਮੁਲਾਇਮ ਚਿਹਰੇ 'ਤੇ।
ਕਵਿਤਾ ਤੁਰ ਨਹੀਂ ਸਕਦੀ ਇਸ ਲੁੱਚੇ ਮਹੌਲ 'ਚ
ਕਵਿਤਾ ਦਾ ਕੋਈ ਪੜਾਅ ਨੀ ਹੁੰਦਾ
ਲੜਨ ਤੇ ਮਰਨ ਵਿਚਾਲੇ
ਉਂਝ ਤਾਂ ਕਵਿਤਾ ਲੜ ਸਕਦੀ ਐ
ਮਾਛੀਵਾੜਿਆਂ 'ਚ ਵੀ
ਪਰ ਕਵਿਤਾ ਸਹਿ ਨੀਂ ਸਕਦੀ
ਛੜਿਆਂ ਵਾਂਗ ਦੁਰਕਾਰੇ ਜਾਣਾ
ਸਹਿ ਨੀਂ ਸਕਦੀ ਕਵਿਤਾ
ਜਿਨ੍ਹਾਂ ਲਈ ਹੁੰਦੀ ਐ
ਉਨ੍ਹਾਂ ਤੋਂ ਟੁੱਟਣਾ।

ਚਾਹਿਆ ਤਾਂ ਸੀ

ਹਰ ਸ਼ੈਅ ਕਵਿਤਾ ਜਿਹੀ ਹੋਏ
ਚਾਹਿਆ ਤਾਂ ਸੀ
ਸਮਾਜ ਨੂੰ ਇੱਕ ਰਿਦਮ 'ਚ ਤੋਰਨਾ
ਚਾਹਿਆ ਤਾਂ ਸੀ
ਜ਼ਿੰਦਗੀ ਨੂੰ ਇੱਕ ਲੈਅ ਦੇਣਾ
ਪਰ ਸ਼ਾਇਦ ਉਮਰ ਬੀਜ ਜਾਏ
ਜੰਗਲ ਤੋਂ ਤੁਰੇ ਕਾਫਲਿਆਂ ਨੂੰ
ਪਿੰਡ ਦੀ ਜੂਹ 'ਤੇ ਉਡੀਕਦਿਆਂ।

ਗਰੀਬ ਦੀ ਕੁੜੀ ਵਾਂਗ
ਅਜੇ ਤਾਂ ਨਿਕਲਦੀਆਂ ਨੇ ਧਾਹਾਂ
ਕਵਿਤਾ ਨੂੰ ਦੇਖ ਦੇਖ
ਕਿ ਕਵਿਤਾ ਦੀ ਰੁੱਤ ਅਜੇ ਨੀਂ ਆਈ
ਅਜੇ ਤਾਂ ਸੰਸੇ ਨੇ
ਕਿ ਬਚੀ ਰਹੇ ਸਾਡੀ ਬਿੱਲ-ਬਤੂੰਰੀ ਕਵਿਤਾ
ਸੁਪਨੇ ਲੈਣੋਂ ਵੀ ਡਰ ਲਗਦਾ ਏ ਹਾਲੇ
ਤੁਰ ਜਾਣਾ ਅਜੇ ਤਾ
ਇੰਝ ਹੀ ਕਵਿਤਾ ਸੁਣਾ
ਸ਼ਾਇਦ ਕਦੇ ਕੋਈ,
ਸਿਵਿਆਂ ਤੇ ਜਾ ਹੁੰਗਾਰੇ ਭਰੇ।

□

## ਲੀਕ-ਤੋੜ

ਸਮਾਂ ਤਾਂ ਸੂਕਦੇ ਦਰਿਆ ਵਾਂਗ
ਤੁਰਿਆ ਆ ਰਿਹੈ
ਜੋ ਖੜ੍ਹਗੇ ਨੇ ਇਹਦੇ ਵਹਾਅ 'ਚ
ਕਿਤੇ ਰੁੱਖ ਬਣਕੇ.
ਉੱਖੜ ਜਾਣਗੇ
ਇਤਿਹਾਸ ਦੇ ਪੰਨਿਆਂ 'ਤੇ ਪੈੜਾਂ ਛੱਡਦਾ
ਸਮਾਂ ਤਾਂ ਕਿਤੇ ਅੱਗੇ ਲੰਘ ਆਇਐ
ਜੋ ਥੱਕੇ ਬਲਦਾਂ ਵਾਂਗ
ਕਿਸੇ ਪੈੜ 'ਤੇ ਰੁਕ ਗਏ ਨੇ
ਸਮਾਂ ਉਨ੍ਹਾਂ ਦਾ ਨਹੀਂ।
ਜੋ ਖੜ੍ਹਗੇ ਨੇ ਕਿਸੇ ਬਿੰਦੂ 'ਤੇ
ਕੱਟੀਆਂ ਵਾਂਗ ਪੈਰ ਅੜਾ
ਸਮਾਂ ਉਨ੍ਹਾਂ ਦਾ ਵੀ ਨਹੀਂ

ਨਾਂ ਸਮਾਂ
ਝੋਲਿਆਂ ਨਾਲ ਲੱਦੀ ਉਸ ਤੀਵੀਂ ਵਰਗਿਆਂ ਦਾ ਹੈ
ਜੋ ਪਤੀ ਤੋਂ ਰਹਿ ਜ਼ਾਂਦੀ ਐ
ਕੋਹ ਪਿੱਛੇ
ਜੋ ਤੁਰਦੇ ਨੇ, ਸੱਜਰੀ ਜੋੜੀ ਵਾਂਗ
ਸਮੇਂ ਨਾਲ ਕਦਮ ਮਿਲਾ
ਸਮਾਂ ਉਨ੍ਹਾਂ ਦਾ ਹੁੰਦੈ ।
ਇਤਿਹਾਸ ਦੇ ਕਿਸੇ ਪੜਾਅ 'ਤੇ
ਰੁਕ ਜਾਣਾ ਤਾਂ
ਸਮੇਂ ਤੋਂ ਬੌਣੇ ਰਹਿ ਜਾਣਾ ਹੁੰਦੈ
ਸਮਾਂ ਉਨ੍ਹਾਂ ਸਾਥੀਆਂ ਜਿਹਾ ਤਾਂ ਨਹੀਂ ਹੂੰਦਾ
ਜੋ ਖੜ੍ਹ ਜਾਂਦੇ ਨੇ
ਲੰਗੜੇ ਸਾਥੀ ਨੂੰ ਰਲਾਉਣ ਲਈ ।
ਇਹ ਤਾਂ ਛੱਡ ਜਾਇਆ ਕਰਦੈ
ਪੁਰਾਤਨਤਾ ਦੇ ਢੇਰਾਂ 'ਤੇ
ਗਲਣ ਸੜਨ ਲਈ
ਬੀਤੇ ਦੀਆਂ ਰੀਤਾਂ ਤਾਂ ਅੱਜ
ਰੂੜ੍ਹੀਆਂ ਬਣ ਗਈਆਂ ਨੇ
ਬਚਪਨ ਦੀਆਂ ਇਨ੍ਹਾਂ ਕੱਛੀਆਂ ਨੂੰ

ਜੋ ਅੱਜ ਫਸਾਉਣ ਦੀ ਹਿੰਡ ਕਰਦੇ ਨੇ
ਨੰਗੇ ਹੋ ਜਾਣਗੇ ।

ਪਰ ਜਿਨ੍ਹਾਂ ਨੂੰ ਰਿਵਾਇਤਾਂ
ਭੰਗ ਵਾਂਗ ਚੜ੍ਹੀਆਂ ਨੇ
ਉਹ ਬਨਾਰਸ 'ਚ ਕੁਟੀਆ ਪਵਾ ਲੈਣ
ਗਲੀਲਓ ਤਾਂ ਜੰਮਦੇ ਰਹਿਣੇ ਨੇ
ਉਂਝ ਵੇਦ-ਵਾਕਾਂ ਨੂੰ ਅਸੀਂ
ਅਜਾਇਬ ਘਰਾਂ 'ਚ ਜ਼ਰੂਰ ਸੰਭਾਲਾਂਗੇ
ਪਰ ਨਵੇਂ ਸਿਆੜਾਂ ਬਿਨਾਂ ਤਾਂ ਖੇਤ ਨੀਂ ਵਹਿਣਾ ।
ਆਪਣੇ ਨਵ-ਵਾਕਾਂ ਦੇ
ਭਵਿੱਖ ਦੇ ਅਜਾਇਬ ਘਰਾਂ 'ਚ ਲੱਗਣ 'ਤੇ
ਸਾਨੂੰ ਇਤਰਾਜ਼ ਨਹੀਂ ਹੋਏਗਾ ।
ਦਰਵਾਜ਼ੇ 'ਤੇ ਬੈਠੇ,
ਪਿਛਲ-ਖੁਰੇ ਬੁੜ੍ਹਿਆਂ ਵਾਂਗ
ਨਵਿਆਂ ਦੀਆਂ ਬਦਗੋਈਆਂ ਕਰਨਾ ਤਾਂ
ਵਿਕਾਸਵਾਦ ਦਾ ਦਸਤੂਰ ਨਹੀ ।

ਜਿਨਾਂ ਦੀਆਂ ਅੱਖਾਂ ਤੋਂ
ਖੋਪੇ ਲਹਿ ਚੁੱਕੇ ਹੋਣ
ਉਨ੍ਹਾਂ ਲਈ ਪੈੜਾਂ ਤੋਂ ਬਾਹਰ ਵੀ

ਵਿਸ਼ਾਲ ਦੁਨੀਆਂ ਹੁੰਦੀ ਐ ।
ਕਿਨਾਰਾ ਵੇਂਈਂ ਦਾ ਹੋਵੇ ਜਾਂ ਸਾਰਨਾਥ
ਭੇਡ-ਦੌੜਾਂ 'ਚੋਂ
ਨਵੇਂ ਰਾਹਾਂ ਦੇ ਮਿਸ਼ਾਲਚੀ ਨਿਕਲ ਹੀ ਪੈਂਦੇ ਨੇ
ਉਂਝ ਭਾਵੇਂ ਹੱਥਲ ਲੋਕ
ਹਰ ਨਵੇਂ ਰਾਹ ਦੇ ਅੰਨ੍ਹੇ ਰਾਹੀ ਬਣ ਜਾਂਦੇ ਨੇ
ਪਰ ਲ੍ਹੀਕ-ਤੋੜਾਂ ਦੀ ਜਾਤ ਵੀ
ਮੁੱਕਿਆ ਨ੍ਹੀਂ ਕਰਦੀ
ਗੁਰੂ ਨਾਨਕ ਹੋਵੇ ਜਾਂ ਬੁੱਧ,
ਸੁਜਾਖੇ ਜੰਮ ਹੀ ਪੈਂਦੇ ਨੇ ।

□


Scanned with CamScanner

# ਇੱਕ ਛਿਣ ਦੀ ਵਾਰਤਾ

ਲੱਥਦੇ ਇੱਕ ਛਿਣ
ਵਿਰਲੇ ਮੱਥਿਆਂ ਅੰਦਰ
ਜ਼ਿਨ੍ਹਾਂ ਮੱਥਿਆਂ 'ਚ
ਯੁੱਗ ਪਲਦੇ ਨੇ
ਜਿਨ੍ਹਾਂ ਦੀ ਕੁੱਖ ਅੰਦਰ
ਸਦੀਆਂ ਲਈ ਹੁਸਨ ਜੁਆਨ ਹੁੰਦੈ
'ਤੇ ਜਿਨਾਂ ਦੇ ਮਸਤਕ ਤੋਂ
ਹਰ ਬਾਸੀ ਲੀਹ ਤ੍ਰਹਿੰਦੀ ਹੈ।
ਜਦ ਯੁੱਗ ਦੀ ਆਤਮਾ ਅੰਦਰ
ਰੁਮਕਦੀ ਲਾਟ ਮਰਦੀ ਹੈ
ਹੋਣੀਆਂ ਡੁੰਬੇ ਸਮੇਂ ਦੇ
ਜਦ ਹੱਡ ਖੜਕਦੇ ਨੇ

ਇਹ ਛਿਣ ਤਦ
ਰੁੱਤ ਖਿਲਾਫ ਬੀਜ ਬਣ ਉਤਰਦੈ ।

ਪੱਛਿਆ ਜਾਂਦੈ ਜਦ ਅੰਦਰ
ਤਿੜਕੇ ਤਾਰਿਆਂ ਨਾਲ

ਕਰਦੀ ਹੈ ਰਾਤ ਜਦ
ਸਰਾ-ਦੰਗਲ ਜਲਸੇ

ਹਰ ਗਲੀ ਹੁੰਦੈ
ਸੰਤੁਸ਼ਟੀ ਦਾ ਬੋਲਬਾਲਾ
'ਤੇ ਖੋਰਦਾ ਰਹਿੰਦੈ
ਜਦ ਉਮਰ ਦੀ ਡਲੀ
ਹਰ ਦਿਨ ਦਾ ਬੁੱਲਾ,
ਤਦ ਆ ਹੀ ਗਿਰਦੈ ਇੱਕ ਛਿਣ
ਕਿ ਵਕਤ ਦਾ ਕਾਂਟਾ
ਬਦਲਿਆ ਜਾਏ ।
ਗੁੜ੍ਹਤੀ ਤੋਂ ਸਿਵਿਆਂ ਤੱਕ
ਜਦ ਸੌਖੀ ਸੜ੍ਹਕ ਬਣ ਜੇ
ਨਿੱਤ ਜੁੜਦੀਆਂ ਨੇ ਧੁਨੀਆਂ
ਜਦ ਬਾਸੇ ਵਾਕਾਂ ਅੰਦਰ
'ਤੇ ਪੈ ਜਾਏ ਬੁੱਲਾ
ਜਦ ਸਮੇਂ ਦੀ ਆਸ-ਮੁਰਾਦ ਨੂੰ

ਤਦ ਲਪਕਦਾ ਹੀ ਹੈ ਇੱਕ ਛਿਣ
ਕਿਸੇ ਮਾਂ ਜਾਏ ਅੰਦਰ ।

ਜਦ ਲੰਘਣ ਲੱਗਦੈ ਹਰ ਪਲ
ਮੱਥੇ ਦੀਆਂ ਲਕੀਰਾਂ ਵਿੱਚ ਦੀ
'ਤੇ ਉੱਠਣ ਲਈ
ਉਡੀਕਦੇ ਰਹਿ ਜਾਣ ਲੋਕ
ਖਿੱਤੀਆਂ
ਪਰ ਪਿੱਛੇ ਖੜ੍ਹਾ ਨ੍ਹੇਰਾ
ਤਾਰਿਆਂ ਦੀ ਅੱਖ ਮੁੰਦ ਲਏ
ਤਦ ਮੱਲ੍ਹਕ ਦੇ ਕੇ
ਟਪਕ ਹੀ ਜਾਂਦੈ ਇੱਕ ਛਿਣ
ਮਰਦ ਮੱਥਿਆਂ ਅੰਦਰ ।

ਜਦ ਲੱਗਦੀਆਂ ਰਹਿੰਦੀਆਂ ਨੇ
ਦਹਿਸ਼ਤ ਦੀਆਂ ਤੈਹਾਂ
ਛੱਤਾਂ ਬਨੇਰਿਆਂ 'ਤੇ
'ਤੇ ਖਿੜਦਾ ਨਹੀਂ ਕੋਈ ਸਿਰ
ਕਿਸੇ ਤਾਕੀ ਮੋਰੀ 'ਚ—
ਕਿ ਜੀਣ ਦਾ ਚਾਅ ਅਜੇ ਹਰਾ ਹੈ
ਜਦ ਕੁਮਲਾ ਜਾਣ ਅੱਖਾਂ ਵਿੱਚੋਂ
ਜ਼ਿੰਦਗੀ ਦੇ ਮੋਹ

Scanned with CamScanner

ਤਾਂ ਬਾਜ਼ ਵਾਂਗ ਆ ਲੱਥਦੈ
ਇੱਕ ਛਿਣ ਦਾ ਜੁਗਨੂੰ
ਕਿਸੇ ਦੇ ਹੱਥ ਉੱਤੇ।

ਫੇਰ ਤਾਂ ਚਿੱਤ ਕਰਦਾ ਹੁੰਦੈ,
ਇਤਿਹਾਸ 'ਤੇ
ਦਵਾਤ ਵਾਂਗ ਡੁੱਲ੍ਹ ਜਾਣ ਨੂੰ
ਉਦੋਂ ਜੀ ਕਰਦੈ
ਕਿ ਮੱਥੇ ਅੰਦਰਲਾ ਯੁੱਗ
ਸਮੇਂ 'ਚ ਘੋਲ ਦਈਏ,
ਭਰੇ-ਭਰੇ ਅੰਦਰ 'ਚ
ਤਦ ਭੰਨਦੀ ਹੈ ਬੇਚੈਨੀ ਅੰਗੜਾਈਆਂ
'ਤੇ ਨਿੰਮਲ ਜਾਂਦੈ
ਅੱਖਾਂ ਦਾ ਅੰਬਰ
ਇਹ ਛਿਣ ਉਤਰਦੈ ਜਦ ਵੀ
ਤਾਂ ਖੋਪਰੀ 'ਚ ਜੰਮੇ ਕੋਰੇ 'ਤੇ
ਡੁਲ੍ਹਦੀਆਂ ਨੇ
ਨਿੱਘੀਆਂ ਕਿਰਨਾਂ
'ਤੇ ਮਨ ਦੀਆਂ ਤਿਤਲੀਆਂ
ਜੁਝਾਰ ਬਣ
ਉਡਦੀਆਂ ਨੇ ਅੰਬਰ 'ਤੇ

ਉਦੋਂ ਲੱਗਦੀ ਹੈ

ਕਾਲੀ ਘਟਾ ਛਲਣੀ ਹੋਈ
ਤਦ ਲੜਦੀ ਹੀ ਹੁੰਦੀ ਹੈ
ਕੌਂਚ-ਫਲੀ ਵਾਂਗ
ਹਰ ਕਿਰਨ ਦੇ
ਮਰਨ ਦੀ ਅਫਵਾਹ,
ਉਦੋਂ ਤਾਂ ਜੀ ਕਰਦਾ ਹੁੰਦੈ
ਕਿ ਸੂਰਜ ਲੱਭ
ਹਰ ਖੱਲ-ਖੂੰਜੇ ਨਚੋੜ ਦਈਏ ।

ਯੁੱਗਾਂ ਵਿਚਕਾਰਲੇ ਇਸ ਛਿਣ ਦਾ ਗੈੜਫੰਗ
ਜਦ ਵੀ ਲੱਥਦੈ
ਮਨ ਦੇ ਬਨੇਰੇ ਤੇ
ਤਦ ਯੁੱਗਾਂ ਦੀ ਹੋਣੀ ਦੇ
ਫੈਸਲੇ ਹੁੰਦੇ ਨੇ

ਮਨ ਦੀ ਹਥੇਲੀ 'ਤੇ
ਨਚਦੈ ਇਹ ਛਿਣ
ਅੰਡੇ ਵਾਂਗਰਾਂ

ਜੀਹਦੀਆਂ ਤੇੜਾਂ 'ਚੋਂ
ਕੋਈ ਯੁੱਗ ਅੱਖਾ ਖੋਲ੍ਹਦੈ ।

□